BRITISH COLUMBIA

# ਤੱਥ ਸ਼ੀਟ

For Immediate Release
NEWS-09992
Dec. 16, 2015

Ministry of Transportation and Infrastructure

## ਸੁਰੰਗ ਦੀ ਬਜਾਇ ਪੁਲ ਕਿਉਂ?

ਪਿਛਲੇ ਤਿੰਨ ਸਾਲਾਂ ਦੌਰਾਨ ਪ੍ਰਾਜੈਕਟ ਟੀਮ ਨੇ ਜਾਰਜ ਮੈਸੀ ਸੁਰੰਗ ਨੂੰ ਤਬਦੀਲ ਕਰਨ ਲਈ ਕਈ ਵਿਕਲਪਾਂ ਨੂੰ ਵਿਚਾਰਿਆ ਤੇ ਉਨ੍ਹਾਂ ਬਾਰੇ ਸਲਾਹ ਮਸ਼ਵਰਾ ਲਿਆ ਜੋ, ਮੌਜੂਦਾ ਸੁਰੰਗ ਨੂੰ ਨਵੀਂ ਸੁਰੰਗ ਨਾਲ ਤਬਦੀਲ ਕਰਨ ਤੋਂ ਲੈ ਕੇ ਮੌਜੂਦਾ ਸੁਰੰਗ ਬਣਾਈ ਰੱਖਣ ਅਤੇ ਉਸੇ ਥਾਂ ‘ਤੇ ਜਾਂ ਇਕ ਵੱਖਰੇ ਰਸਤੇ ‘ਤੇ ਇਕ ਪੁਲ ਬਣਾ ਦੇਣ ਤੱਕ ਸਨ।

ਅੰਤ ਨੂੰ, ਅਤੇ ਵਿਆਪਕ ਤਕਨੀਕੀ ਵਿਸ਼ਲੇਸ਼ਣ ਦੇ ਆਧਾਰ ‘ਤੇ ਪਬਲਿਕ ਅਤੇ ਸਟੇਕਹੋਲਡਰਾਂ ਦੀ ਇੰਨਪੁੱਟ ਸਹਿਤ ਟੀਮ ਨੇ ਫੈਸਲਾ ਕੀਤਾ ਕਿ ਇਕ ਪੁਲ ਹੀ ਸਭ ਤੋਂ ਵਧੀਆ ਚੋਣ ਹੋਵੇਗਾ। ਹੇਠਾਂ ਲਿਖਿਆ ਵਿਆਖਿਆ ਕਰਦਾ ਹੈ ਕਿ ਕਿਉਂ।

### ਪੁਲ ਦੇ ਸੁਰੱਖਿਆ ਫਾਇਦੇ

ਸੁਰੰਗ ਵਰਗੀ ਵਧੇਰੇ ਬੰਦ ਥਾਂ ਨਾਲੋਂ ਪੁਲ ਉੱਪਰ ਐਮਰਜੈਂਸੀ ਰਿਸਪਾਂਸ ਦੇਣਾ ਬਹੁਤ ਸੌਖਾ ਅਤੇ ਸੁਰੱਖਿਅਤ ਹੈ, ਐਮਰਜੈਂਸੀ ਰਿਸਪਾਂਸ ਦੇਣ ਵਾਲੇ ਸਲਾਹ ਮਸ਼ਵਰੇ ਵੇਲੇ ਸੁਰੰਗ ਨਾਲੋਂ ਪੁਲ ਨੂੰ ਤਰਜੀਹ ਦੇਣ ਬਾਰੇ ਬੜੇ ਸਪੱਸ਼ਟ ਸਨ।

ਇਕ ਨਵੀਂ ਸੁਰੰਗ ਨਾਲ ਤੁਲਣਾ ਕਰਦਿਆਂ, ਇਕ ਨਵਾਂ ਪੁਲ ਦਿਨ ਦੇ ਚਾਨਣ ਵਾਲੇ ਸਮੇਂ ਬੱਤੀਆਂ ਜਗਾਉਣ ‘ਤੇ ਨਿਰਭਰ ਨਹੀਂ ਕਰਦਾ ਅਤੇ ਸੁਰੰਗ ਦੇ ਵਿਚ ਵੜਦਿਆਂ ਤੇ ਬਾਹਰ ਆਉਂਦਿਆਂ ਰੌਸ਼ਨੀ ਦੇ ਬਦਲ ਜਾਣ ਵਰਗੀਆਂ ਸਮੱਸਿਆਵਾਂ ਵੀ ਨਹੀਂ ਆਉਂਦੀਆਂ।

ਇਕ ਪੁਲ ਡਰਾਈਵਰਾਂ ਨੂੰ ਵਧੇਰੇ ਸੁਖਾਵਾਂ ਵਾਤਾਵਰਣ ਪ੍ਰਦਾਨ ਕਰੇਗਾ। ਸਲਾਹ ਮਸ਼ਵਰੇ ਦੌਰਾਨ ਵਰਤੋਂ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੇ ਸੁਰੰਗ ਦੇ ਉਲਟ ਪੁਲ ਉੱਪਰ ਡਰਾਈਵਿੰਗ ਦੇ ਖੁੱਲ੍ਹੇ ਅਨੁਭਵ ਵਾਸਤੇ ਤਰਜੀਹ ਦਾ ਪ੍ਰਗਟਾਵਾ ਕੀਤਾ।

ਇਹ ਵਰਤੋਂ ਕਰਨ ਵਾਲਿਆਂ ਲਈ ਇਕ ਚੰਗੇਰਾ ਅਤੇ ਵਧੇਰੇ ਸੁਰੱਖਿਅਤ ਅਨੁਭਵ ਵੀ ਪੇਸ਼ ਕਰੇਗਾ, ਪਰ ਵਿਸ਼ੇਸ਼ ਕਰਕੇ ਸਾਈਕਲ ਚਾਲਕਾਂ ਅਤੇ ਪੈਦਲ ਤੁਰਨ ਵਾਲਿਆਂ ਲਈ, ਜਿਹੜੇ ਇਸ ਥਾਂ ਤੋਂ ਬਿਲਕੁਲ ਪਹਿਲੀ ਵਾਰ ਖੁੱਲ੍ਹੀ ਹਵਾ ਵਾਲੇ ਵਾਤਾਵਰਣ ‘ਚ ਖੁੱਲ੍ਹੇ ਰੂਪ ‘ਚ ਫਰੇਜ਼ਰ ਦਰਿਆ ਪਾਰ ਕਰਨ ਦੇ ਯੋਗ ਹੋਣਗੇ। ਮੌਜੂਦਾ ਸਮੇਂ ਸਾਈਕਲ ਚਾਲਕਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਸੁਰੰਗ ਵਿਚੋਂ ਦੀ ਵੈਨ ਅਤੇ ਟ੍ਰੇਲਰ ਦੁਆਰਾ ਆਰ ਪਾਰ ਲੰਘਾਇਆ ਜਾਂਦਾ ਹੈ।

### ਸੁਰੰਗ ਨਾਲੋਂ ਪੁਲ ਬਣਾਉਣ ‘ਚ ਖਰਚਿਆਂ ਦੇ ਫਾਇਦੇ:

ਨਵਾਂ ਪੁਲ ਅਧੁਨਿਕ ਭੁਚਾਲੀ ਮਿਆਰਾਂ ਅਨੁਸਾਰ ਬਣਾਇਆ ਜਾਵੇਗਾ, ਜੋ 1-ਇੰਨ 2475-ਯੀਅਰ ਭੁਚਾਲ ਨੂੰ ਝੱਲਣਯੋਗ ਹੋਵੇਗਾ। ਬਰਾਬਰ ਦੇ ਜ਼ਰੂਰੀ ਮਿਆਰਾਂ ਵਾਲੀ ਸੁਰੰਗ ਉਸਾਰਨੀ ਬੜਾ ਵਧੇਰੇ ਖਰਚੀਲਾ, ਜਟਿੱਲ ਅਤੇ ਵਾਤਾਵਰਣਿਕ ਤੌਰ ‘ਤੇ ਨੁਕਸਾਨਦਾਇਕ ਕਾਰਜ ਹੈ, ਜਿਸ ‘ਚ ਸ਼ਾਮਲ ਹੈ ਦਰਿਆ ਦੇ ਤਲ ਨੂੰ ਖੁਰਚਣਾ ਅਤੇ ਕੰਢਿਆਂ ਦੀ ਧਰਤ ਤੇ ਪਾਣੀ ਹੇਠਾਂ ਫਰੇਜ਼ਰ ਦਰਿਆ ਦੇ ਤਲ ਦੀ ਧਰਤ ਨੂੰ ਮਜ਼ਬੂਤ ਬਣਾਉਣ ਲਈ ਰੇਤ, ਬੱਜਰੀ ਅਤੇ ਖੁੱਲ੍ਹੇ ਪੱਥਰਾਂ ਦੀਆਂ ਤਹਿਆਂ ਉਸਾਰਨਾਂ।

1950 ‘ਚ, ਜਦੋਂ ਮੌਜੂਦਾ ਸੁਰੰਗ ਬਣਾਈ ਗਈ, ਉਸਤੋਂ ਉਲਟ ਅੱਜਕਲ ਉਪਲਬਧ ਪਾਈਲ ਧੱਕਣ ਵਾਲਾ ਸਾਜ਼-ਸਮਾਨ ਪੁਲ ਵਾਸਤੇ ਡੀਪ-ਪਾਈਲਡ ਫਾਊਂਡੇਸ਼ਨਾਂ ਬਣਾਉਣ ਨੂੰ ਇਕ ਵਿਵਹਾਰਕ ਅਤੇ ਘੱਟ ਖਰਚੇ ਵਾਲਾ ਹੱਲ ਬਣਾਉਂਦਾ ਹੈ। ਇਹ ਫਾਊਂਡੇਸ਼ਨਾਂ ਪੁਲ ਨੂੰ 1 ਇੰਨ 2475 ਯੀਅਰ ਭੁਚਾਲ ਲਈ ਸੁਰੱਖਿਅਤ ਬਣਾਉਂਦੀਆਂ ਹਨ। ਇਸ ਦੇ ਮੁਕਾਬਲੇ ਨਵੀਂ ਸੁਰੰਗ ਜਿਹੜੀ ਆਧੁਨਿਕ ਭੁਚਾਲੀ ਮਿਆਰਾਂ ਨੂੰ ਪੂਰਿਆਂ ਕਰਦੀ ਹੋਵੇ, ਦੀ ਉਸਾਰੀ ਨਾਲ

ਵੱਡਾ ਖਰਚਾ ਅਤੇ ਖਤਰੇ ਪੈਦਾ ਹੁੰਦੇ ਹਨ:

- ਇਕ ਪਾਣੀ 'ਚ ਡੁੱਬੀ ਹੋਈ ਟਿਊਬ ਸੁਰੰਗ, ਜਿਹੋ ਜਿਹੀ ਅੱਜ ਸਾਡੇ ਪਾਸ ਹੈ, ਵਾਸਤੇ ਸੁਰੰਗ ਦੀ ਸਾਰੀ ਲੰਬਾਈ ਦੇ ਨਾਲ ਨਾਲ ਦੀ ਧਰਤ ਨੂੰ ਪਾਣੀ ਅੰਦਰ ਪੱਥਰ ਦੇ ਬੁਰਜਾਂ, ਰੇਤ, ਬੱਜਰੀ ਅਤੇ ਰੋੜੀ ਨਾਲ ਮਜ਼ਬੂਤ ਕਰਨਾਂ ਪਵੇਗਾ। ਇਸ 'ਚ ਦੋਹਾਂ ਪਾਸਿਆਂ ਦੇ ਨਾਲ ਨਾਲ ਅਤੇ ਦਰਿਆ ਦੇ ਤਲ ਨੂੰ ਮਜ਼ਬੂਤ ਕਰਨਾਂ ਸ਼ਾਮਲ ਹੈ।

- ਇਸ ਏਰੀਏ 'ਚ ਮਿਲਦੀ ਢਿੱਲੀ ਰੇਤ ਅਤੇ ਚਿਕਣੀ ਮਿੱਟੀ 'ਚ ਬੋਰ ਕਰਕੇ ਸੁਰੰਗ ਬਣਾਉਣੀ ਸ਼ਾਇਦ ਸੰਭਵ ਨਹੀਂ ਹੋਵੇਗੀ। ਜੇਕਰ ਸੰਭਵ ਵੀ ਹੋਵੇ ਤਾਂ ਇਸ ਏਰੀਏ ਵਿਚਲੀ ਢਿੱਲੀ ਰੇਤ ਅਤੇ ਚਿਕਨੀ ਮਿੱਟੀ ਸਰਕਣ ਅਤੇ ਬੈਠਣ ਦੇ ਖਤਰੇ ਨੂੰ ਵਧਾ ਦੇਵੇਗੀ। ਇਸ ਨਾਲ ਨਿਪਟਣ ਲਈ ਸੁਰੰਗ ਟਿਊਬਾਂ ਨੂੰ ਇਕ ਦੂਜੀ ਤੋਂ ਦੂਰ ਰੱਖਣ ਦੀ ਲੋੜ ਹੋਵੇਗੀ, ਨਤੀਜੇ ਵਜੋਂ ਹਾਈਵੇਅ 99 ਲਈ ਲੰਮੇਰੇ ਕੁਨੈਕਸ਼ਨ ਬਣਾਉਣੇ ਪੈਣਗੇ ਅਤੇ ਉਸਾਰੀ ਦੀ ਸਮੱਗਰੀ ਪ੍ਰਾਈਵੇਟ ਪ੍ਰਾਪਰਟੀ ਅਤੇ ਜ਼ਰੂਰਤਾਂ ਦੇ ਖਰਚੇ ਵਧ ਜਾਣਗੇ।

- ਬੋਰ ਕੀਤੀ ਸੁਰੰਗ ਪਾਣੀ 'ਚ ਡੁੱਬੀ ਹੋਈ ਟਿਊਬ ਸੁਰੰਗ ਨਾਲੋਂ ਡੂੰਘੇਰੀ ਰੱਖਣ ਦੀ ਲੋੜ ਹੋਵੇਗੀ ਅਤੇ ਇਸ ਲਈ ਇਹ ਲੰਮੇਰੀ ਹੋ ਜਾਵੇਗੀ। ਨਰਮ ਮਿੱਟੀ 'ਚ ਸੁਰੰਗ ਦੇ ਨਿਰਮਾਣ ਨਾਲ ਜੁੜੇ ਵੱਡੇ ਖਤਰਿਆਂ ਤੋਂ ਇਲਾਵਾ ਇਹ ਵਧੀਕ ਲੰਬਾਈ ਬੋਰ ਕੀਤੀ ਸੁਰੰਗ ਨੂੰ ਹੋਰ ਵਿਕਲਪਾਂ ਨਾਲੋਂ ਕਿਤੇ ਵੱਧ ਮਹਿੰਗੀ ਬਣਾ ਦਿੰਦੀ ਹੈ।

ਨਵੇਂ ਪੁਲ ਦੇ ਚਿਰਕਾਲੀ ਆਪਰੇਸ਼ਨ ਅਤੇ ਸਾਂਭ-ਸੰਭਾਲ ਦੇ ਖਰਚੇ ਨਵੀਂ ਸੁਰੰਗ ਨਾਲੋਂ ਘੱਟ ਹੋਣਗੇ ਕਿਉਂਕਿ ਸੁਰੰਗ ਲਈ ਰੌਸ਼ਨੀ, ਹਵਾਦਾਰੀ, ਅੱਗ ਬੁਝਾਉਂਣ ਲਈ ਫੁਹਾਰਿਆਂ ਦੇ ਪ੍ਰਬੰਧ ਅਤੇ ਬੰਦ ਥਾਵਾਂ ਲਈ ਜ਼ਰੂਰੀ ਹੋਰ ਜੀਵਨ ਸੁਰੱਖਿਆ ਜ਼ਰੂਰਤਾਂ ਦੀ ਲੋੜ ਹੋਵੇਗੀ।

**ਸੁਰੰਗ ਨਾਲੋਂ ਪੁਲ ਦੇ ਵਾਤਾਵਰਣਿਕ ਫਾਇਦੇ:**

ਨਵੀਂ ਸੁਰੰਗ ਲਈ ਦਰਿਆ ਦੇ ਤਲ 'ਤੇ ਡੂੰਘੀ ਖਾਈ ਖੋਦਣ ਦੀ ਜ਼ਰੂਰਤ ਹੋਵੇਗੀ, ਜਿਸਦਾ ਫਰੇਜ਼ਰ ਦਰਿਆ ਦੇ ਵਾਤਾਵਰਣ ਅਤੇ ਦਰਿਆਈ ਆਵਾਜਾਈ 'ਤੇ ਮਹੱਤਵਪੂਰਨ ਪ੍ਰਭਾਵ ਪਵੇਗਾ। ਇਸਦੇ ਮੁਕਾਬਲੇ ਨਵਾਂ ਪੁਲ ਫਰੇਜ਼ਰ ਦਰਿਆ 'ਚ ਘੱਟ ਤੋਂ ਘੱਟ ਹਲਚਲ ਪੈਦਾ ਕਰਦਿਆਂ ਉਸਾਰਿਆ ਜਾ ਸਕਦਾ ਹੈ, ਕਿਉਂਕਿ ਇਸਦੇ ਮੁੱਖ ਥੰਮ ਦਰਿਆ ਦੇ ਕੰਢੇ 'ਤੇ ਜ਼ਮੀਨ ਉੱਪਰ ਹੋਣਗੇ ਅਤੇ ਫਿਰ ਇਹ ਉਸਾਰੀ ਲਈ ਆਧਾਰ ਵਜੋਂ ਵਰਤੇ ਜਾਣਗੇ, ਬਜਾਇ ਕਿ ਇਹ ਦਰਿਆ ਵਿਚ ਹੋਣ।
ਨਵਾਂ ਪੁਲ ਉਸਾਰਨਾਂ ਅਤੇ ਪੁਰਾਣੀ ਸੁਰੰਗ ਨੂੰ ਹਟਾ ਦੇਣਾ ਫਰੇਜ਼ਰ ਦਰਿਆ 'ਤੇ ਅਤੇ ਡੀਸ ਆਈਲੈਂਡ ਪਾਰਕ ਤੇ ਡੀਸ ਸਲੋਅ 'ਤੇ ਵਾਤਾਵਰਣਿਕ ਅਤੇ ਕਮਿਊਨਿਟੀ ਸੁਧਾਰਾਂ ਲਈ ਵੀ ਮੌਕੇ ਪੈਦਾ ਕਰਦਾ ਹੈ, ਕਿਉਂਕਿ ਇਹ ਡੀਸ ਆਈਲੈਂਡ ਤੋਂ ਹਾਈਵੇਅ ਦੀ ਆਵਾਜਾਈ ਹਟਾ ਦਿੰਦਾ ਹੈ ਜਿਹੜੀ ਮੌਜੂਦਾ ਸਮੇਂ ਪਾਰਕ ਦੇ ਦੋਹਾਂ ਪਾਸਿਆਂ

ਦਰਮਿਆਨ ਪਹੁੰਚ ਨੂੰ ਸੀਮਤ ਕਰਦੀ ਹੈ।

**ਮੌਜੂਦਾ ਰਾਈਟ-ਆਫ-ਵੇਅ ਦੇ ਅੰਦਰ ਸੁਰੰਗ ਨਾਲੋਂ ਪੁਲ ਦੇ ਕਮਿਊਨਿਟੀ ਲਈ ਫਾਇਦੇ:**

ਨਵਾਂ ਪੁਲ ਮੌਜੂਦਾ ਰਾਈਟ-ਆਫ-ਵੇਅ ਦੇ ਅੰਦਰ ਅੰਦਰ ਉਸਾਰਿਆ ਜਾ ਸਕਦਾ ਹੈ ਸੋ ਇਸ ਲਈ ਘੱਟ ਪ੍ਰਾਈਵੇਟ ਪ੍ਰਾਪਰਟੀ ਦੀ ਲੋੜ ਪਵੇਗੀ ਅਤੇ ਐਗਰੀਕਲਚਰ, ਪਾਰਕਾਂ, ਮਨੋਰੰਜਨ ਅਤੇ ਵਾਤਾਵਰਣ 'ਤੇ ਇਸਦਾ ਘੱਟ ਪ੍ਰਭਾਵ ਪਵੇਗਾ। ਨਵੀਂ ਸੁਰੰਗ ਨਵੀਂ ਮਾਰਗ ਰੇਖਾ 'ਤੇ, ਵਹਾਅ ਤੋਂ ਉਪਰ ਵੱਲ ਜਾਂ ਵਹਾਅ ਵੱਲ ਨੂੰ ਬਣਾਉਣੀ ਪਵੇਗੀ ਤਾਂ ਕਿ ਉਸਾਰੀ ਦੌਰਾਨ ਮੌਜੂਦਾ ਸੁਰੰਗ ਨੂੰ ਚਾਲੂ ਰੱਖਿਆ ਜਾ ਸਕੇ ਅਤੇ ਜਦੋਂ ਉਸਾਰੀ ਚੱਲ ਰਹੀ ਹੋਵੇ ਉਦੋਂ ਮੌਜੂਦਾ ਸੁਰੰਗ ਨੂੰ ਨੁਕਸਾਨ ਹੋਣ ਦੇ ਖਤਰੇ ਨੂੰ ਘਟਾਇਆ ਜਾ ਸਕੇ। ਇਸ ਵਾਸਤੇ ਨਵੀਂ ਸੜਕ ਰਾਈਟ-ਆਫ-ਵੇਅ ਬਣਾਉਣ ਲਈ ਵੱਡੀ ਮਾਤਰਾ 'ਚ ਪ੍ਰਾਈਵੇਟ ਪ੍ਰਾਪਰਟੀ ਪ੍ਰਾਪਤ ਕਰਨੀ ਪਵੇਗੀ। ਨਵੀਂ ਸੁਰੰਗ ਦੇ ਪ੍ਰਭਾਵਾਂ 'ਚ ਐਗਰੀਕਲਚਰ, ਪਾਰਕ ਦੀ ਜ਼ਮੀਨ, ਰਿਹਾਇਸ਼ੀ ਅਤੇ ਕਮਰਸ਼ੀਅਲ ਪ੍ਰਾਪਰਟੀਆਂ, ਡੀਸ ਸਲੋਅ ਤੇ ਇਕ ਨਵਾਂ ਪੁਲ ਅਤੇ ਫਰੇਜ਼ਰ ਦਰਿਆ 'ਚ ਦਰਿਆਈ ਆਵਾਜਾਈ 'ਤੇ ਪੈਣ ਵਾਲੇ ਪ੍ਰਭਾਵ ਸ਼ਾਮਲ ਹੋਣਗੇ।

ਪ੍ਰਾਜੈਕਟ ਟੀਮ ਆਸ ਕਰਦੀ ਹੈ ਕਿ ਇਕ ਪੁਲ ਦੀ ਉਸਾਰੀ ਸਰਕਾਰ ਨੂੰ ਕੁਝ ਵਾਧੂ ਹਾਈਵੇਅ ਰਾਈਟ-ਆਫ-ਵੇਅ ਖੇਤੀਬਾੜੀ ਲਈ ਵਾਪਸ ਮੋੜਨ ਦਾ ਮੌਕਾ ਦੇ ਸਕਦੀ ਹੈ।

**ਮੀਡੀਆ ਸੰਪਰਕ:**
ਮੀਡੀਆ ਰਿਲੇਸ਼ਨਜ਼
ਗਵਰਨਮੈਂਟ ਕਮਿਊਨੀਕੇਸ਼ਨਜ਼ ਐਂਡ ਪਬਲਿਕ ਇੰਗੇਜਮੈਂਟ
ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ ਐਂਡ ਇੰਨਫਰਾਸਟਰੱਕਚਰ
250 356-8241

---

Connect with the Province of B.C. at: www.gov.bc.ca/connect

Connect with the Province of B.C. at: www.gov.bc.ca/connect